**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।**

ਸੇਵਾ ਵਿਖੇ

ਮੁੱਖ ਇੰਜੀਨੀਅਰ (ਦੱਖਣ)
ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ,
ਬਠਿੰਡਾਂ ।

ਨੰ:- ਪਵਸਸਬ-2019/ਵ-2/ 19064 ਮਿਤੀ:- 28/8/19

ਵਿਸ਼ਾ:- **ਮੰਤਰੀ, ਸਥਾਨਕ ਸਰਕਾਰ ਪੰਜਾਬ ਜੀ ਵਲੋ ਮਿਤੀ 10.1.2019 ਨੂੰ ਮਾਨਸਾ ਦੇ ਕੰਮਾਂ ਦੀ ਰੀਵਿਊ ਮੀਟਿੰਗ ਦੀ ਕਾਰਵਾਈ ਰਿਪੋਰਟ।**

ਹਵਾਲਾ ਇਸ ਦਫਤਰ ਦਾ ਪੱਤਰ ਨੰ: 668 ਮਿਤੀ 10.1.2019 ਅਤੇ ਨੰ 1078 ਮਿਤੀ 23.1.2019 ਉਕਤ ਵਿਸ਼ੇ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਿਤੀ 10.1.2019 ਨੂੰ ਸਥਾਨਕ ਸਰਕਾਰ ਮੰਤਰੀ ਜੀ ਦੇ ਕਮੇਟੀ ਰੂਮ ਵਿਖੇ ਹੋਈ ਮੀਟਿੰਗ ਸਾਬਕਾ ਐਮ.ਐਲ.ਏ. ਸ੍ਰੀ ਮੰਗਤ ਰਾਏ ਬਾਂਸਲ ਜੀ ਵਲੋ ਮਾਨਸਾ ਅਤੇ ਭੀਖੀ ਸ਼ਹਿਰਾਂ ਵਿੱਚ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੀ ਕਾਰਗੁਜਾਰੀ ਦੇ ਸਬੰਧ ਵਿੱਚ ਗੰਭੀਰ ਦੋਸ ਲਗਾਏ ਗਏ। ਜਿਸ ਵਿੱਚ ਉਨ੍ਹਾਂ ਵਲੋ ਦੱਸਿਆ ਗਿਆ ਕਿ ਮਾਨਸਾ ਅਤੇ ਭੀਖੀ ਕਮੇਟੀਆਂ ਵਿੱਚ ਚਲ ਰਹੇ ਕੰਮਾਂ ਦੇ ਵਿੱਚ ਗੈਰ ਸਰਕਾਰੀ ਕਲੋਨੀਆਂ ਵਿੱਚ ਸੀਵਰ ਲਾਉਣਾ ਅਤੇ ਵੱਧ ਆਬਾਦੀ ਵਾਲੇ ਇਲਾਕਿਆਂ ਵਿੱਚ ਸੀਵਰ ਨਾ ਲਾਉਣ ਬਾਰੇ ਦੋਸ਼ ਲਗਾਏ ਗਏ ਸਨ। ਜਿਸ ਦੇ ਸਬੰਧ ਵਿੱਚ ਉਕਤ ਹਵਾਲੇ ਅਧੀਨ ਪੱਤਰ ਰਾਂਹੀ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਉਕਤ ਦੋਸਾਂ ਸਬੰਧੀ ਬਰੀਕੀ ਨਾਲ ਪੜਤਾਲ ਕਰਕੇ ਪੜਤਾਲੀਆਂ ਰਿਪੋਰਟ ਮਿਤੀ 14.1.2019 ਨੂੰ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਜੀ ਦੇ ਦਫਤਰ ਵਿੱਖੇ ਪੇਸ਼ ਕੀਤੀ ਜਾਣੀ ਹੈ ਸਬੰਧੀ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਪਰੰਤੂ ਉਕਤ ਰਿਪੋਰਟ ਹਾਲੇ ਤੱਕ ਪ੍ਰਾਪਤ ਨਹੀ ਹੋਈ।

ਸੋ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਉਕਤ ਸਬੰਧੀ ਮੰਗੀ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਰਿਪੋਰਟ ਉੱਚ ਅਧਿਕਾਰੀਆਂ ਦੇ ਸਨਮੁੱਖ ਪੇਸ਼ ਕੀਤੀ ਜਾ ਸਕੇ।

ਸੁਪਰਡੰਟ(ਵ)